ਅਜੀਤ ਬਠਿੰਡਾ
ਫ਼ਿਰੋਜ਼ਪੁਰ ਅਜੀਤ
ਸ਼ੁੱਕਰਵਾਰ, 28 ਨਵੰਬਰ 2025





ਫੁੱਲਾਂ ਦੀ ਸੱਜੀ ਪਾਲਕੀ 'ਚ ਸੁਸ਼ੋਭਿਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। (ਸੱਜੇ) ਨਗਰ ਕੀਰਤਨ ਦੀ ਅਗਵਾਈ ਕਰਦੇ ਪੰਜ ਪਿਆਰੇ।

# ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਜਾਇਆ ਨਗਰ ਕੀਰਤਨ

## ਵੱਖ-ਵੱਖ ਪਿੰਡਾਂ ਵਿਚ ਸੰਗਤਾਂ ਨੇ ਸਵਾਗਤੀ ਗੇਟ ਲਗਾ ਕੇ ਫੁੱਲਾਂ ਦੀ ਵਰਖਾ ਕਰਕੇ ਕੀਤਾ ਸਵਾਗਤ

ਗੋਲੂ ਕਾ ਮੋੜ, ਗੁਰੂਹਰਸਹਾਏ, 27 ਨਵੰਬਰ (ਸੁਰਿੰਦਰ ਸਿੰਘ ਪੁਪਨੇਜਾ/ਹਰਚਰਨ ਸਿੰਘ ਸੰਧੂ)-ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ ਸ਼ਹੀਦੀ ਨੂੰ ਸਮਰਪਿਤ ਗੁਰਦੁਆਰਾ ਸਿੱਖ ਸਨਾਤਨ ਧਰਮਸ਼ਾਲਾ (ਵੱਡਾ ਗੁਰਦੁਆਰਾ) ਵਲੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋ ਕੇ ਵੱਖ-ਵੱਖ ਪਿੰਡਾਂ ਵਿਚੋਂ ਹੁੰਦਾ ਹੋਇਆ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਇਆ। ਜਿਸ ਵਿਚ ਸਥਾਨਕ ਸ਼ਹਿਰ ਤੋਂ ਇਲਾਵਾ ਇਲਾਕੇ ਦੇ ਵੱਖ-ਵੱਖ ਪਿੰਡਾਂ ਦੀਆ ਸੰਗਤਾਂ ਨੇ ਸ਼ਰਧਾ ਭਾਵਨਾ ਨਾਲ ਸ਼ਿਰਕਤ ਕੀਤੀ। ਫੁੱਲਾਂ ਨਾਲ ਸਜੀ ਪਾਲਕੀ ਵਿਚ ਸੁਸ਼ੋਭਿਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆ ਨੇ ਨਗਰ ਕੀਰਤਨ ਦੀ ਅਗਵਾਈ ਕੀਤੀ। ਨਗਰ ਕੀਰਤਨ ਦੌਰਾਨ ਭਾਈ ਧਿਆਨ ਸਿੰਘ, ਭਾਈ ਕੁਲਵੰਤ ਸਿੰਘ ਸੋਨੂੰ, ਭਾਈ ਦਲਜੀਤ ਸਿੰਘ ਗੱਬਰ ਸੰਗਤਾਂ ਨੂੰ ਕੀਰਤਨ ਸੁਣਾ ਰਹੇ ਸਨ। ਇਸ ਦੌਰਾਨ ਸਰਦਾਰ ਜਗਤ ਸਿੰਘ ਆਂਵਲਾ ਗਤਕਾ ਅਕੈਡਮੀ ਦੇ ਵਿਦਿਆਰਥੀਆਂ ਵਲੋਂ ਆਪਣੀ ਕਲਾ ਦਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਜੌਹਰ ਦਿਖਾਏ ਗਏ। ਵੱਖ-ਵੱਖ ਪਿੰਡਾਂ ਦੀਆਂ ਸੰਗਤਾਂ ਨੇ ਨਗਰ ਕੀਰਤਨ ਦੇ ਸਵਾਗਤ ਲਈ ਵੱਖ-ਵੱਖ ਥਾਵਾਂ 'ਤੇ ਸਵਾਗਤੀ ਗੇਟ ਬਣਾਏ ਅਤੇ ਫੁੱਲਾਂ ਦੀ ਵਰਖਾ ਕੀਤੀ। ਸੰਗਤਾਂ ਵਿਚ ਪ੍ਰਸ਼ਾਦ ਰੂਪੀ ਫਲ-ਫਰੂਟ, ਚਾਹ ਅਤੇ ਲੰਗਰ ਵੀਂ ਲਗਾਏ ਗਏ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਸਤਪਾਲ ਬਾਵਾ ਨੇ ਦੱਸਿਆ ਕਿ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇਹ ਵਿਸ਼ਾਲ ਨਗਰ ਕੀਰਤਨ ਕੱਢਿਆ ਜਾ ਰਿਹਾ ਹੈ। ਇਹ ਗੁਰਦੁਆਰਾ ਸਿੰਘ ਸਭਾ ਤੋਂ ਸ਼ੁਰੂ ਹੋ ਕੇ ਪਿੰਡ ਕੇਸਰ ਸਿੰਘ ਵਾਲਾ, ਨਿੱਝਰ, ਬਾਘੂ ਵਾਲਾ, ਚੁੱਘਾ, ਦੀਪ ਸਿੰਘ ਵਾਲਾ, ਮਿਸ਼ਰੀ ਵਾਲਾ, ਕੋਹਰ ਸਿੰਘ ਵਾਲਾ, ਚੱਕ ਸੋਮੀਆ, ਮਾੜੇ ਕਲਾਂ, ਚੱਪਾ ਅੜਿਕੀ, ਨਾਨਕਪੁਰਾ, ਰੇਲਵੇ ਬਸਤੀ, ਅਖੀਰਲਾ ਪੜਾਅ ਦੁੱਗਲ ਪਰਿਵਾਰ ਤੋਂ ਬਾਅਦ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਵੇਗਾ। ਉਨ੍ਹਾਂ ਦੱਸਿਆ ਕਿ ਕੱਲ੍ਹ 28 ਨਵੰਬਰ ਨੂੰ ਰਾਤਰੀ ਦੇ ਦੀਵਾਨ ਸਜਾਏ ਜਾਣਗੇ ਅਤੇ ਰਹਿਰਾਸ ਸਾਹਿਬ ਜੀ ਦੇ ਪਾਠ ਤੋਂ ਬਾਅਦ ਬੱਚਿਆਂ ਦਾ ਵਿਸ਼ੇਸ਼ ਪ੍ਰੋਗਰਾਮ ਹੋਵੇਗਾ। ਜਿਸ ਵਿਚ ਬੱਚੇ ਅਤੇ ਬੱਚੀਆਂ ਨੂੰ ਕਵਿਤਾਵਾਂ, ਕਵੀਸ਼ਰੀ, ਗੁਰ ਇਤਿਹਾਸ ਬੋਲਣ ਦਾ ਮੌਕਾ ਦਿੱਤਾ ਜਾਵੇਗਾ ਅਤੇ ਹੋਰ ਬੱਚਿਆਂ ਨੂੰ ਉਤਸ਼ਾਹਿਤ ਕਰਨ ਲਈ ਮੈਡਲ ਦੇਕੇ ਸਨਮਾਨਿਤ ਵੀ ਕੀਤਾ ਜਾਵੇਗਾ। ਇਲਾਕੇ ਦੀਆਂ ਸਮੂਹ ਸੰਗਤਾਂ ਨੂੰ ਮਹਾਨ ਗੁਰਮਤਿ ਸਮਾਗਮਾਂ ਵਿਚ ਨੂੰ ਵੱਧ ਚੜ੍ਹ ਕੇ ਸ਼ਾਮਲ ਹੋਣ ਦੀ ਬੇਨਤੀ ਕੀਤੀ ਹੈ।



ਭਾਈ ਧਿਆਨ ਸਿੰਘ ਸੰਗਤਾਂ ਨੂੰ ਕੀਰਤਨ ਸਰਵਣ ਕਰਵਾਉਂਦੇ ਹੋਏ। ਤਸਵੀਰਾਂ-ਸੁਰਿੰਦਰ ਸਿੰਘ ਪੁਪਨੇਜਾ

# ਐੱਸ.ਬੀ.ਐੱਸ ਸਟੇਟ ਯੂਨੀਵਰਸਿਟੀ ਦੇ ਗੈਰ ਅਧਿਆਪਕ, ਅਧਿਆਪਕਾਂ ਦੇ ਸੰਘਰਸ਼ 'ਚ ਭਰਾਤਰੀ ਜਥੇਬੰਦੀਆਂ ਨੇ ਕੀਤੀ ਸ਼ਮੂਲੀਅਤ

ਫ਼ਿਰੋਜ਼ਪੁਰ, 27 ਨਵੰਬਰ (ਗੁਰਿੰਦਰ ਸਿੰਘ)-ਪੰਜਾਬ ਸਰਕਾਰ ਅਧੀਨ ਚੱਲ ਰਹੀ ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ, ਫ਼ਿਰੋਜ਼ਪੁਰ ਦੇ ਗੈਰ-ਅਧਿਆਪਕ ਅਤੇ ਅਧਿਆਪਕ (ਡਿਪਲੋਮਾ ਵਿੰਗ) ਵਲੋਂ ਰੀਵਾਈਜ਼ਡ ਪੇ-ਸਕੇਲਾਂ ਦਾ ਬਕਾਇਆ ਜਾਰੀ ਨਾ ਕਰਨ ਦੇ ਰੋਸ ਵਜੋਂ ਅੱਜ ਸੰਸਥਾ ਦੇ ਪ੍ਰਬੰਧਕੀ ਬਲਾਕ ਅੱਗੇ ਜ਼ਿਲ੍ਹਾ ਪੱਧਰ ਦੀਆਂ ਜਥੇਬੰਦੀਆਂ ਨੇ ਸ਼ਮੂਲੀਅਤ ਨਾਲ ਯੂਨੀਵਰਸਿਟੀ ਪ੍ਰਸ਼ਾਸਨ ਵਿਰੁੱਧ ਰੋਸ ਪ੍ਰਦਰਸ਼ਨ ਕਰਦਿਆਂ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਜਥੇਬੰਦੀਆਂ ਦੇ ਆਗੂਆਂ ਵਲੋਂ ਸੰਸਥਾ ਦੇ ਰਜਿਸਟਰਾਰ, ਵਿੱਤ ਅਫ਼ਸਰ ਅਤੇ ਡਿਪਟੀ ਰਜਿਸਟਰਾਰ (ਲੇਖਾ) ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇ ਸੰਸਥਾ ਦੇ ਨਾਨ-ਟੀਚਿੰਗ/ਟੈਕਨੀਕਲ ਸਟਾਫ਼ ਦੀਆਂ ਤਨਖ਼ਾਹਾਂ ਦੇ ਬਕਾਏ ਨੂੰ ਤੁਰੰਤ ਜਾਰੀ ਨਾ ਕੀਤਾ ਗਿਆ ਤਾਂ ਜ਼ਿਲ੍ਹਾ ਪੱਧਰ ਦੀਆਂ ਵੱਖ-ਵੱਖ ਜਥੇਬੰਦੀਆਂ ਵਲੋਂ ਇਕ ਸਾਂਝਾ ਸੰਘਰਸ਼ ਵਿੱਢਿਆ ਜਾਵੇਗਾ ਜਿਸ ਵਿਚ ਪੰਜਾਬ ਪੱਧਰ ਦੀਆਂ ਵੱਡੀਆਂ ਜਥੇਬੰਦੀਆਂ ਨੂੰ ਵੀ ਸੱਦਿਆ ਜਾਵੇਗਾ ਜਿਸ ਦੀ ਨਿਰੋਲ ਜ਼ਿੰਮੇਵਾਰੀ ਸੰਸਥਾ ਦੇ ਪ੍ਰਸ਼ਾਸਨ ਦੀ ਹੋਵੇਗੀ। ਇਸ ਸੰਘਰਸ਼ ਵਿਚ ਪਹੁੰਚੇ ਮੁੱਖ ਬੁਲਾਰੇ ਜਸਪਾਲ ਸਿੰਘ ਸੇਵਾ ਮੁਕਤ ਡੀ.ਐੱਸ.ਪੀ., ਪ੍ਰਤਾਪ ਸਿੰਘ ਰਿਟਾਇਰਡ ਐੱਸ.ਡੀ.ਓ., ਮਹਿੰਦਰ ਸਿੰਘ ਧਾਲੀਵਾਲ, ਮੈਂਬਰ ਸਾਂਝਾ ਫ਼ਰੰਟ, ਰਾਜੀਵ ਹਾਂਡਾ ਪ੍ਰਧਾਨ-ਗੌਰਮਿੰਟ ਟੀਚਰ ਯੂਨੀਅਨ, ਸੁਭਾਸ਼ ਸ਼ਰਮਾ ਪ੍ਰਧਾਨ-ਆਲ ਇੰਪਲਾਈਜ਼ ਕਮੇਟੀ ਫ਼ਿਰੋਜ਼ਪੁਰ ਅਤੇ ਗੁਰਮੀਤ ਸਿੰਘ ਘੋੜੇ ਚੱਕ ਪ੍ਰਧਾਨ-ਕਿਸਾਨ ਯੂਨੀਅਨ ਨੇ ਜਥੇਬੰਦੀ ਨੂੰ ਭਰੋਸਾ ਦਿੰਦੇ ਹੋਏ ਕਿਹਾ ਕਿ ਜੇਕਰ ਯੂਨੀਵਰਸਿਟੀ ਪ੍ਰਸ਼ਾਸਨ ਵਲੋਂ ਤੁਰੰਤ ਮੰਗਾਂ ਨਾ ਮੰਨੀਆਂ ਗਈਆਂ ਤਾਂ ਆਉਣ ਵਾਲੇ ਸਮੇਂ ਵਿਚ ਪੰਜਾਬ ਪੱਧਰ ਦੀਆਂ ਸਾਰੀਆਂ ਜਥੇਬੰਦੀਆਂ ਇਸ ਸੰਘਰਸ਼ ਵਿਚ ਸ਼ਮੂਲੀਅਤ ਕਰਨਗੀਆਂ। ਜਥੇਬੰਦੀ ਦੇ ਆਗੂ ਜਗਮੀਤ ਸਿੰਘ ਪ੍ਰਧਾਨ, ਮਦਨ ਓਨਿਆਲ ਸਕੱਤਰ, ਗੁਰਪ੍ਰੀਤ ਸਿੰਘ, ਸਲਾਹਕਾਰ, ਗੁਰਵਿੰਦਰ ਸਿੰਘ, ਬਲਕਰਨ ਸਿੰਘ, ਨੰਦ ਲਾਲ ਵਲੋਂ ਜ਼ਿਲ੍ਹਾ ਪੱਧਰ ਦੀਆਂ ਪਹੁੰਚੀਆਂ ਜਥੇਬੰਦੀਆਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ 28 ਨਵੰਬਰ ਨੂੰ ਜਨਰਲ ਮੀਟਿੰਗ ਕਰਕੇ ਸੰਘਰਸ਼ ਨੂੰ ਹੋਰ ਤੇਜ਼ ਕਰਨ ਲਈ ਅਗਲੇ ਪ੍ਰੋਗਰਾਮ ਦੀ ਰਣਨੀਤੀ ਤੈਅ ਕੀਤੀ ਜਾਵੇਗੀ।



ਐੱਸ.ਬੀ.ਐੱਸ ਸਟੇਟ ਯੂਨੀਵਰਸਿਟੀ ਦੇ ਟੀਚਿੰਗ, ਨਾਨ ਟੀਚਿੰਗ ਸਟਾਫ਼ ਦੇ ਹੱਕ 'ਚ ਰੋਸ ਪ੍ਰਦਰਸ਼ਨ ਕਰਦੇ ਵੱਖ-ਵੱਖ ਜਥੇਬੰਦੀਆਂ ਦੇ ਆਗੂ। ਅਜੀਤ ਤਸਵੀਰ

# ਦਵਾਈਆਂ ਦੀ ਗੈਰ-ਕਾਨੂੰਨੀ ਵਿੱਕਰੀ ਖ਼ਿਲਾਫ਼ ਡਰੱਗ ਕੰਟਰੋਲਰ ਵਿਭਾਗ ਹੋਇਆ ਸਖ਼ਤ

## ਡਰੱਗ ਐਕਟ ਦੀ ਉਲੰਘਣਾ ਕਰਨ 'ਤੇ ਦੋ ਦਵਾਈ ਵਿਕ੍ਰੇਤਾਵਾਂ ਖ਼ਿਲਾਫ਼ ਕਾਰਵਾਈ

ਫ਼ਿਰੋਜ਼ਪੁਰ, 27 ਨਵੰਬਰ (ਗੁਰਿੰਦਰ ਸਿੰਘ)-ਜ਼ਿਲ੍ਹੇ ਵਿਚੋਂ ਨਸ਼ਾਖੋਰੀ ਅਤੇ ਦਵਾਈਆਂ ਦੀ ਗੈਰ-ਕਾਨੂੰਨੀ ਵਿੱਕਰੀ ਖ਼ਿਲਾਫ਼ ਜ਼ੀਰੋ ਟਾਲਰੈਂਸ ਨੀਤੀ ਅਪਣਾਉਂਦਿਆਂ ਡਰੱਗ ਕੰਟਰੋਲ ਵਿਭਾਗ ਵਲੋਂ ਦੋ ਦਵਾਈ ਵਿਕ੍ਰੇਤਾਵਾਂ ਖ਼ਿਲਾਫ਼ ਕਾਰਵਾਈ ਕਰਦਿਆਂ ਇਕ ਨੂੰ ਸੀਲ ਅਤੇ ਇਕ ਦਾ ਲਾਇਸੈਂਸ ਰੱਦ ਕੀਤਾ ਗਿਆ ਹੈ। ਜਾਣਕਾਰੀ ਦਿੰਦਿਆਂ ਡਰੱਗ ਕੰਟਰੋਲ ਅਫ਼ਸਰ ਸੋਨੀਆ ਗੁਪਤਾ ਨੇ ਦੱਸਿਆ ਕਿ ਜ਼ਿਲ੍ਹਾ ਮੈਜਿਸਟਰੇਟ ਫ਼ਿਰੋਜ਼ਪੁਰ ਦੇ ਹੁਕਮਾਂ ਦੀ ਉਲੰਘਣਾ ਕਰਨ ਕਾਰਨ ਜ਼ੀਰਾ ਬੱਸ ਅੱਡੇ ਦੇ ਸਾਹਮਣੇ ਸਥਿਤ ਮੈਸ. ਗਗਨ ਮੈਡੀਕੋਜ਼ ਨੂੰ ਤੁਰੰਤ ਪ੍ਰਭਾਵ ਨਾਲ ਜਨਹਿਤ ਵਿਚ ਸੀਲ ਕਰ ਦਿੱਤਾ ਗਿਆ ਹੈ ਅਤੇ ਲਖਵੰਤ ਸਿੰਘ, ਜ਼ੋਨਲ ਲਾਇਸੈਂਸਿੰਗ ਅਥਾਰਿਟੀ ਫ਼ਿਰੋਜ਼ਪੁਰ ਵਲੋਂ ਗਗਨ ਮੈਡੀਕੋਜ਼ ਦਾ ਲਾਇਸੈਂਸ ਰੱਦ ਕਰ ਦਿੱਤਾ ਗਿਆ ਹੈ। ਸੋਨੀਆ ਗੁਪਤਾ ਨੇ ਦੱਸਿਆ ਕਿ ਮੈਸ ਗਗਨ ਮੈਡੀਕੋਜ਼ ਦੀ ਬੀਤੀ 3 ਅਕਤੂਬਰ ਨੂੰ ਜਾਂਚ ਕੀਤੀ ਗਈ। ਜਾਂਚ ਦੌਰਾਨ ਦੁਕਾਨ ਤੋਂ 1780 ਕੈਪਸੂਲ ਪ੍ਰੈਗਾਬਾਲਿਨ 300 ਮਿਲੀ ਗਰਾਮ ਅਤੇ 570 ਟੇਬਲੇਟ ਟੈਪੈਂਟਾਡੋਲ ਬਿਨਾਂ ਖ਼ਰੀਦ ਬਿੱਲਾਂ ਦੇ ਮਿਲੀਆਂ ਸੀ। ਜਿਨ੍ਹਾਂ ਦੀ ਕੁੱਲ ਕੀਮਤ 67,720 ਰੁਪਏ ਬਣਦੀ ਹੈ। ਦੁਕਾਨ ਦੇ ਮਾਲਕ/ਇੰਚਾਰਜ ਵਲੋਂ ਖ਼ਰੀਦ ਬਿੱਲਾਂ ਪੇਸ਼ ਨਾ ਕਰਨ ਅਤੇ ਜ਼ਿਲ੍ਹਾ ਮੈਜਿਸਟਰੇਟ ਫ਼ਿਰੋਜ਼ਪੁਰ ਦੇ ਹੁਕਮਾਂ ਦੀ ਉਲੰਘਣਾ ਕਰਨ ਕਾਰਨ ਦੁਕਾਨ ਨੂੰ ਤੁਰੰਤ ਪ੍ਰਭਾਵ ਨਾਲ ਜਨਹਿਤ ਵਿਚ ਸੀਲ ਕਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਡਰੱਗ ਐਕਟ ਦੀ ਉਲੰਘਣਾ ਕਾਰਨ ਜ਼ੋਨਲ ਲਾਈਸੈਂਸਿੰਗ ਅਥਾਰਿਟੀ ਵਲੋਂ ਤੰਨੂ ਮੈਡੀਕੋਜ਼ ਲੱਖੋਂ ਕੇ ਬਹਿਰਾਮ ਦਾ ਲਾਇਸੈਂਸ ਵੀ ਰੱਦ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਸ਼ਾਖੋਰੀ ਅਤੇ ਦਵਾਈਆਂ ਦੀ ਗੈਰ-ਕਾਨੂੰਨੀ ਵਿੱਕਰੀ ਖ਼ਿਲਾਫ਼ ਜ਼ੀਰੋ ਟਾਲਰੈਂਸ ਨੀਤੀ 'ਤੇ ਕਾਇਮ ਹੈ ਅਤੇ ਭਵਿੱਖ ਵਿਚ ਵੀ ਇਨ੍ਹਾਂ ਕਾਰਵਾਈਆਂ ਨੂੰ ਹੋਰ ਸਖ਼ਤੀ ਨਾਲ ਜਾਰੀ ਰੱਖਿਆ ਜਾਵੇਗਾ।

## 'ਅਜੀਤ' ਉਪ ਦਫ਼ਤਰ ਦਾ ਪਤਾ ਤੇ ਸੰਪਰਕ ਨੰਬਰ

ਅਜੀਤ/ਅਜੀਤ ਸਮਾਚਾਰ ਹੜ੍ਹ ਰਾਹਤ ਫੰਡ ਵਿਚ ਯੋਗਦਾਨ ਪਾਉਣ ਲਈ ਅਜੀਤ ਪ੍ਰਕਾਸ਼ਨ ਸਮੂਹ ਦੇ ਹੇਠ ਲਿਖੇ ਉਪ-ਦਫ਼ਤਰਾਂ ਵਿਚ ਯੋਗਦਾਨ ਰਾਸ਼ੀ ਜਮ੍ਹਾ ਕਰਵਾ ਕੇ ਰਸੀਦ ਪ੍ਰਾਪਤ ਕੀਤੀ ਜਾਵੇ।

**ਫ਼ਾਜ਼ਿਲਕਾ/ਫ਼ਿਰੋਜ਼ਪੁਰ**

ਸ. ਦਵਿੰਦਰਪਾਲ ਸਿੰਘ 98729-03544
ਡੈਡ ਹਾਊਸ ਰੋਡ, ਸਬ ਜੇਲ੍ਹ ਦੇ ਪਿੱਛੇ 01638-500325

# ਲਾਵਾਰਸ ਖਾਤਿਆਂ ਦੀ ਜਮਾਂ ਰਾਸ਼ੀ ਦੇ ਨਿਪਟਾਰੇ ਲਈ ਵਿਸ਼ਾਲ ਜਨ ਜਾਗਰੂਕਤਾ ਕੈਂਪ ਅੱਜ

ਮੱਖੂ, 27 ਨਵੰਬਰ (ਵਰਿੰਦਰ ਮਨਚੰਦਾ)-ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਦੁਆਰਾ ਜਾਰੀ 'ਤੁਹਾਡੀ ਪੂੰਜੀ-ਤੁਹਾਡਾ ਅਧਿਕਾਰ' ਜਨਤਕ ਜਾਗਰੂਕਤਾ ਮੁਹਿੰਮ 1 ਅਕਤੂਬਰ 2025 ਤੋਂ 31 ਦਸੰਬਰ 2025 ਤੱਕ ਚਲਾਈ ਗਈ ਹੈ, ਜਿਸ ਦੇ ਤਹਿਤ ਲੀਡ ਜ਼ਿਲ੍ਹਾ ਪ੍ਰਬੰਧਕ ਭਾਰਤ ਸਰਕਾਰ ਅਤੇ ਭਾਰਤੀ ਰਿਜ਼ਰਵ ਬੈਂਕ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਾਰੀਆਂ ਵਿੱਤੀ ਸੰਸਥਾਵਾਂ ਨਾਲ ਸੰਪਰਕ ਕਰਨਗੇ। ਇਹ ਜਾਣਕਾਰੀ ਪੰਜਾਬ ਨੈਸ਼ਨਲ ਬੈਂਕ ਦੇ ਲੀਡ ਜ਼ਿਲ੍ਹਾ ਬੈਂਕ ਦੀ ਚੀਫ਼ ਮੈਨੇਜਰ ਗੀਤਾ ਮਹਿਤਾ ਨੇ ਦਿੰਦਿਆਂ ਦੱਸਿਆ ਕਿ ਫ਼ਿਰੋਜ਼ਪੁਰ ਜ਼ਿਲ੍ਹੇ 'ਚ 28 ਨਵੰਬਰ 2025 ਨੂੰ ਨਗਰ ਕੌਂਸਲ ਪਾਰਕ ਮੱਖੂ ਵਿਖੇ ਸਵੇਰੇ 11 ਵਜੇ ਇਕ ਵਿਸ਼ਾਲ ਕੈਂਪ ਲਗਾਇਆ ਜਾਵੇਗਾ, ਜਿਸ ਵਿਚ ਬੈਂਕ, ਬੀਮਾ, ਪੈਨਸ਼ਨ ਅਤੇ ਮਿਊਚਲ ਫ਼ੰਡ ਵਿਭਾਗਾਂ ਦੇ ਉੱਚ ਅਧਿਕਾਰੀ ਭਾਗ ਲੈਣਗੇ। ਉਨ੍ਹਾਂ ਕਿਹਾ ਕਿ ਵਿੱਤ ਮੰਤਰਾਲੇ ਵਲੋਂ ਸ਼ੁਰੂ ਕੀਤੀ ਗਈ 'ਤੁਹਾਡੀ ਪੂੰਜੀ-ਤੁਹਾਡਾ ਅਧਿਕਾਰ' ਜਨ ਜਾਗਰੂਕਤਾ ਮੁਹਿੰਮ ਤਹਿਤ ਹੁਣ ਤੱਕ ਪੰਜਾਬ ਦੇ 13 ਜ਼ਿਲ੍ਹਿਆਂ ਵਿਚ ਵਿਸ਼ਾਲ ਕੈਂਪ ਲਗਾਏ ਜਾ ਚੁੱਕੇ ਹਨ ਅਤੇ ਛੇਵੇਂ ਪੜਾਅ ਵਿਚ ਫ਼ਿਰੋਜ਼ਪੁਰ, ਮੋਗਾ, ਸੰਗਰੂਰ, ਸ੍ਰੀ ਮੁਕਤਸਰ ਸ਼ਹਿਰ ਜ਼ਿਲ੍ਹਾ ਬੀਮਾ ਬੈਂਕਾਂ ਵਿਚ ਵਿਸ਼ਾਲ ਕੈਂਪ 28 ਨਵੰਬਰ 2025 ਨੂੰ ਲਗਾਏ ਜਾ ਰਹੇ ਹਨ। ਪਹਿਲਾਂ ਲਗਾਏ ਜਾ ਚੁੱਕੇ ਕੈਂਪਾਂ ਵਿਚ ਵੀ ਬੀਮਾ, ਪੈਨਸ਼ਨ ਅਤੇ ਮਿਊਚਲ ਫ਼ੰਡ ਆਦਿ ਵਿਭਾਗਾਂ ਨੇ ਭਾਗ ਲਿਆ। ਉਨ੍ਹਾਂ ਅੱਗੇ ਕਿਹਾ ਕਿ ਜੇਕਰ ਬੈਂਕ ਵਿਚ ਜਮਾਂ ਕਰਵਾਈ ਗਈ ਰਕਮ ਮਿਥੇ ਸਮੇਂ ਤੱਕ ਪ੍ਰਾਪਤ ਨਹੀਂ ਹੁੰਦੀ ਹੈ ਤਾਂ ਉਹ ਖਾਤਾ ਬੰਦ ਹੋ ਜਾਂਦਾ ਹੈ ਅਤੇ ਇਹ ਜਮਾਂ ਕੀਤੀ ਗਈ ਰਕਮ 10 ਸਾਲਾਂ ਬਾਅਦ ਭਾਰਤੀ ਰਿਜ਼ਰਵ ਬੈਂਕ ਕੋਲ ਜਾਂਦੀ ਹੈ। ਇਸੇ ਤਰ੍ਹਾਂ ਪਰਿਪੱਕਤਾ ਮਿਤੀ 'ਤੇ ਮਿਉਚੁਅਲ ਫ਼ੰਡਾਂ ਅਤੇ ਬੀਮੇ ਵਿਚ ਨਿਵੇਸ਼ ਕੀਤੀ ਰਕਮ ਪ੍ਰਾਪਤ ਕਰਨਾ ਵੀ ਮਹੱਤਵਪੂਰਨ ਹੈ। ਗੀਤਾ ਮਹਿਤਾ ਨੇ ਕਿਹਾ ਕਿ ਕੈਂਪ ਵਿਚ ਲਾਵਾਰਸ ਪੁਰਾਣੀਆਂ ਜਮਾਂ ਰਕਮਾਂ, ਮਿਊਚਲ ਫ਼ੰਡ, ਬੀਮੇ ਦੇ ਪੈਸੇ ਆਦਿ ਜੋ ਕਿ ਨਿਰਧਾਰਿਤ ਮਿਤੀ ਬੀਤ ਜਾਣ ਤੋਂ ਬਾਅਦ ਵੀ ਪ੍ਰਾਪਤ ਨਹੀਂ ਹੋਏ ਹਨ, ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਜਾਵੇਗੀ। ਅਜਿਹੇ ਜਾਗਰੂਕਤਾ ਕੈਂਪ ਸਾਰੇ ਰਾਜਾਂ ਵਿਚ ਲਗਾਏ ਜਾ ਰਹੇ ਹਨ ਤਾਂ ਜੋ ਪੁਰਾਣੀ ਲਾਵਾਰਸ ਜਮਾਂ ਰਕਮ ਨੂੰ ਉਸ ਦੇ ਅਸਲ ਮਾਲਕ ਜਾਂ ਨਾਮਜ਼ਦ ਜਾਂ ਕਾਨੂੰਨੀ ਵਾਰਸਾਂ ਨੂੰ ਵਾਪਸ ਮੋੜਿਆ ਜਾ ਸਕੇ। ਵਧੇਰੇ ਜਾਣਕਾਰੀ ਲਈ ਤੁਸੀਂ ਭਾਰਤੀ ਰਿਜ਼ਰਵ ਬੈਂਕ ਦੇ ਉਦਗਮ ਪੋਰਟਲ ਅਤੇ ਆਪਣੀ ਨਜ਼ਦੀਕੀ ਬੈਂਕ ਸ਼ਾਖਾ ਨਾਲ ਸੰਪਰਕ ਕਰ ਸਕਦੇ ਹੋ ਅਤੇ ਆਪਣੀ ਪੁਰਾਣੀ ਜਮਾਂ ਰਕਮ ਪ੍ਰਾਪਤ ਕਰ ਸਕਦੇ ਹੋ। ਇਸ ਮੁਹਿੰਮ ਦੌਰਾਨ ਗਾਹਕ ਆਪਣੇ ਖਾਤੇ ਵਿਚ ਕੇ.ਵਾਈ.ਸੀ ਅਤੇ ਨਾਮਜ਼ਦਗੀ ਨੂੰ ਵੀ ਅੱਪਡੇਟ ਕਰ ਸਕਦੇ ਹਨ।



ਮੀਟਿੰਗ ਦੌਰਾਨ ਹਾਜ਼ਰ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਅਹੁਦੇਦਾਰ ਅਤੇ ਮੈਂਬਰ। ਅਜੀਤ ਤਸਵੀਰ

# ਕੇਂਦਰ ਪੰਜਾਬ ਨਾਲ ਵਧੀਕੀਆਂ ਬੰਦ ਕਰੇ-ਭਾਕਿਯੂ ਕਾਦੀਆਂ

ਜ਼ੀਰਾ, 27 ਨਵੰਬਰ (ਰਜਨੀਸ਼ ਕਥੂਰੀਆ)-ਸੰਯੁਕਤ ਕਿਸਾਨ ਮੋਰਚੇ ਦੇ ਚੰਡੀਗੜ੍ਹ ਧਰਨੇ ਤੋਂ ਬਾਅਦ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੀ ਜ਼ੀਰਾ ਵਿਖੇ ਇਕ ਵਿਸ਼ੇਸ਼ ਮੀਟਿੰਗ ਬਲਾਕ ਪ੍ਰਧਾਨ ਸੁਖਦੇਵ ਸਿੰਘ ਸਨੇਰ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਪੰਜਾਬ ਦੇ ਐਗਜ਼ੈਕਟਿਵ ਮੈਂਬਰ ਦਰਸ਼ਨ ਸਿੰਘ ਮੀਹਾਂ ਸਿੰਘ ਵਾਲਾ, ਜ਼ਿਲ੍ਹਾ ਫ਼ਿਰੋਜ਼ਪੁਰ ਦੇ ਸੀਨੀਅਰ ਮੀਤ ਪ੍ਰਧਾਨ ਪ੍ਰੀਤਮ ਸਿੰਘ ਮੀਹਾਂ ਸਿੰਘ ਵਾਲਾ ਤੋਂ ਇਲਾਵਾ ਵੱਡੀ ਗਿਣਤੀ 'ਚ ਕਿਸਾਨ ਆਗੂ ਹਾਜ਼ਰ ਸਨ। ਇਸ ਦੌਰਾਨ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਹਰ ਖੇਤਰ ਵਿਚ ਪੰਜਾਬ ਨੂੰ ਅਣਗੌਲਿਆ ਕਰ ਰਹੀ ਹੈ। ਦੂਜੇ ਪਾਸੇ ਸਾਡੀਆਂ ਰਾਜਨੀਤਿਕ ਪਾਰਟੀਆਂ ਕੁਰਸੀ ਦੇ ਲਾਲਚ ਵਿਚ ਸੱਤਾ ਤੋਂ ਬਾਹਰ ਹੋਣ ਸਮੇਂ ਤਾਂ ਪੰਜਾਬ ਦੇ ਮਸਲਿਆਂ ਦੀ ਗੱਲ ਕਰਦੀਆਂ ਹਨ ਪਰ ਸੱਤਾ ਮਿਲਦਿਆਂ ਹੀ ਪੰਜਾਬ ਦੇ ਸਾਰੇ ਮੁੱਦੇ ਵਿਸਾਰ ਕੇ ਕੇਂਦਰ ਦੇ ਇਸ਼ਾਰਿਆਂ 'ਤੇ ਕੰਮ ਕਰਨਾ ਲੱਗ ਪੈਂਦੀਆਂ ਹਨ। ਉਹਨਾਂ ਕਿਹਾ ਕਿ ਪੰਜਾਬ ਦੇ ਲੋਕ ਹੁਣ ਜਾਗਰੂਕ ਹੋ ਗਏ ਹਨ ਅਤੇ ਉਹ ਆਪਣੇ ਹੱਕਾਂ ਦੀ ਹਰ ਲੜਾਈ ਲੜਨ ਲਈ ਤਿਆਰ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨਾਂ ਦੀਆਂ ਹੱਕੀ ਮੰਗਾਂ ਜਿਵੇਂ 23 ਫਸਲਾਂ ਤੇ ਐਮ.ਐਸ.ਪੀ.ਦੀ ਮੰਗ, ਪੰਜਾਬ ਦੇ ਪਾਣੀਆਂ ਵਿੱਚੋਂ ਪੰਜਾਬ ਨੂੰ ਬਣਦਾ ਹਿੱਸਾ ਦੇਣ ਦੀ ਮੰਗ, ਚੰਡੀਗੜ੍ਹ ਪੰਜਾਬ ਨੂੰ ਦੇਣ ਦੀ ਮੰਗ, ਵਿੱਦਿਅਕ ਸੰਸਥਾਵਾਂ ਵਿਚ ਕੇਂਦਰ ਦੀ ਦਾਖਲਾ ਅੰਦਾਜ਼ੀ ਰੋਕਣ ਦੀ ਮੰਗ ਅਤੇ ਨਾਲ ਹੀ ਜਿਹੜੇ ਰਾਜਸੀ ਕੈਦੀ ਆਪਣੀਆਂ ਸਜਾਵਾਂ ਪੂਰੀਆਂ ਕਰ ਚੁੱਕੇ ਹਨ। ਉਹਨਾਂ ਨੂੰ ਰਿਹਾ ਕਰਨ ਦੀ ਮੰਗ ਆਦਿ ਸ਼ਾਮਿਲ ਹਨ ਲਈ ਪੰਜਾਬ ਪਿਛਲੇ ਲੰਮੇ ਸਮੇਂ ਤੋਂ ਸੰਘਰਸ਼ ਕਰਦਾ ਆ ਰਿਹਾ ਹੈ। ਇਸ ਮੌਕੇ 'ਤੇ ਤਰਸੇਮ ਸਿੰਘ ਰੂਪ, ਵਿਕੀ ਨਾਰੰਗ, ਹਰਪ੍ਰੀਤ ਸਿੰਘ ਲੌਂਗੋਦੇਵਾ, ਮਨਦੀਪ ਸਿੰਘ ਅਲੀਪੁਰ, ਭੁਪਿੰਦਰ ਸਿੰਘ ਬਲਾਕ ਪ੍ਰਧਾਨ ਮਖੂ, ਸੁੱਚਾ ਸਿੰਘ ਨੂਰਪੁਰ, ਕੁਲਵੰਤ ਸਿੰਘ, ਗੁਰਦੇਵ ਸਿੰਘ ਮਾਛੀਵਾੜਾ, ਜਸਕਰਨ ਸਿੰਘ ਮੱਲੇਵਾਲਾ, ਅਰਸ਼ਦੀਪ ਸਿੰਘ ਮੱਲੇਵਾਲਾ, ਕੈਪਟਨ ਹਰਜਿੰਦਰ ਸਿੰਘ ਮਨਸੂਰਵਾਲ, ਪਾਲ ਸਿੰਘ ਸਨੇਰ, ਬਲਵਿੰਦਰ ਸਿੰਘ ਵਾੜਾ ਚੈਨ ਸਿੰਘ, ਵਜ਼ੀਰ ਸਿੰਘ ਸਨੇਰ, ਅਜੈਬ ਸਿੰਘ ਸਨੇਰ, ਗੁਰ ਅਵਤਾਰ ਸਿੰਘ, ਆਤਮਾ ਸਿੰਘ, ਕੇਵਲ ਸਿੰਘ, ਸੁਖਦਿਆਲ ਸਿੰਘ, ਜਸਪਾਲ ਸਿੰਘ ਫ਼ੌਜੀ, ਗੁਰਪ੍ਰੀਤ ਸਿੰਘ ਬਾਵਾ, ਅਵਤਾਰ ਸਿੰਘ, ਜਗਦੇਵ ਸਿੰਘ, ਹਰਭਜਨ ਸਿੰਘ ਫੇਰੋਕੇ, ਬੂਟਾ ਸਿੰਘ, ਹਰਮਨਦੀਪ ਸਿੰਘ, ਜਸ਼ਨਦੀਪ ਸਿੰਘ, ਮਨਪ੍ਰੀਤ ਸਿੰਘ, ਤਲਵਿੰਦਰ ਸਿੰਘ, ਸ਼ਾਂਤੀ ਸਰੂਪ, ਗੁਰਚਰਨ ਸਿੰਘ ਅਤੇ ਬਾਬਾ ਬੂਟਾ ਸਿੰਘ ਜ਼ੀਰਾ ਆਦਿ ਮੈਂਬਰ ਹਾਜ਼ਰ ਸਨ।

# ਮੁੱਦਕੀ ਦੇ ਪਾਵਰਕਾਮ ਦਫ਼ਤਰ 'ਚ ਕਲਰਕਾਂ ਦੀਆਂ ਚਾਰ ਅਸਾਮੀਆਂ 'ਚੋਂ ਤਿੰਨ ਖ਼ਾਲੀ ਇਕ ਕਲਰਕ 6 ਮਹੀਨਿਆਂ ਤੋਂ ਛੁੱਟੀ 'ਤੇ

## ਲੋਕ ਕੰਮਕਾਜ ਕਰਵਾਉਣ ਲਈ ਹੋ ਰਹੇ ਖੱਜਲ-ਖੁਆਰ-ਗੁਰਮੀਤ ਸਿੰਘ ਬਰਾੜ

ਮੁੱਦਕੀ, 27 ਨਵੰਬਰ (ਭਾਰਤ ਭੂਸ਼ਨ ਅਗਰਵਾਲ)-ਆਮ ਆਦਮੀ ਪਾਰਟੀ ਵਲੋਂ ਲੋਕਾਂ ਨੂੰ ਘਰ ਬੈਠੇ ਹੀ ਸਰਕਾਰੀ ਸਹੂਲਤਾਂ ਦੇਣ ਦੇ ਦਾਅਵੇ ਉਸ ਸਮੇਂ ਖੋਖਲੇ ਸਾਬਤ ਹੋਣ ਲੱਗੇ ਹਨ, ਜਦ ਕਸਬਾ ਮੁੱਦਕੀ ਦੇ ਵਾਸੀ ਬਿਜਲੀ ਸੁਵਿਧਾਵਾਂ ਦੇ ਕਲੈਰੀਕਲ ਦੇ ਕੰਮਕਾਜ ਲਈ ਪੰਜਾਬ ਰਾਜ ਪਾਵਰ ਕਾਮ ਮੁੱਦਕੀ ਦੇ ਦਫ਼ਤਰ ਵਿਖੇ ਵਾਰ-ਵਾਰ ਜਾਣ ਬਾਅਦ ਵੀ ਕੰਮਕਾਜ ਨਹੀਂ ਹੁੰਦਾ ਨਜ਼ਰ ਆਇਆ। ਦੱਸਣ ਯੋਗ ਹੈ ਕਿ ਪਾਵਰ ਕਾਮ ਦੇ ਮੁੱਦਕੀ ਵਿਖੇ ਦਫ਼ਤਰੀ ਕੰਮਕਾਜ ਵਾਸਤੇ 4 ਕਲਰਕਾਂ ਦੀਆਂ ਅਸਾਮੀਆਂ ਹਨ, ਜਿਨ੍ਹਾਂ ਵਿਚੋਂ ਤਿੰਨ ਅਸਾਮੀਆਂ 'ਤੇ ਕੋਈ ਵੀ ਤਾਇਨਾਤੀ ਨਹੀਂ ਕੀਤੀ ਗਈ ਅਤੇ ਜੋ ਇਕ ਅਸਾਮੀ 'ਤੇ ਕਲਰਕ ਹੈ, ਉਹ 6 ਮਹੀਨਿਆਂ ਲਈ ਪ੍ਰਸੂਤਾ ਛੁੱਟੀ 'ਤੇ ਹੈ। ਜਿਸ ਕਾਰਨ ਲੋਕਾਂ ਨੂੰ ਆਪਣੇ ਕੰਮਕਾਜ ਕਰਵਾਉਣ ਲਈ ਖ਼ੱਜਲ-ਖੁਆਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲੋਕਾਂ ਨੂੰ ਸ਼ੈਲਰ ਦਾ ਬਿੱਲ ਨਹੀਂ ਮਿਲ ਰਿਹਾ 'ਤੇ ਲੋਕਾਂ ਨੂੰ ਆਪਣੇ ਕੰਮਾਂ ਲਈ ਵਾਰ-ਵਾਰ ਪਾਵਰ ਕਾਮ ਦਫ਼ਤਰ ਦੇ ਗੇੜੇ ਮਾਰਨੇ ਪੈ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਨਗਰ ਪੰਚਾਇਤ ਮੁੱਦਕੀ ਦੇ ਸਾਬਕਾ ਪ੍ਰਧਾਨ ਗੁਰਮੀਤ ਸਿੰਘ ਬਰਾੜ ਨੇ ਦੱਸਿਆ ਕਿ ਲੋਕਾਂ ਦਾ ਸ਼ਿਕਵਾ ਹੈ ਕਿ ਪੰਜਾਬ ਸਰਕਾਰ ਸਰਕਾਰੀ ਸੁਵਿਧਾਵਾਂ ਦੇ ਨਾਂਅ 'ਤੇ ਘਰ ਬੈਠੇ ਸਹੂਲਤਾਂ ਦੇਣ ਦੀ ਗੱਲ ਤਾਂ ਕਰਦੀ ਹੈ, ਪਰ ਪਾਵਰ ਕਾਮ ਦਫ਼ਤਰ ਮੁੱਦਕੀ ਵਿਖੇ ਬਿਜਲੀ ਕੁਨੈਕਸ਼ਨ ਲੈਣ, ਬਦਲੀ ਕਰਵਾਉਣ, ਬਿਜਲੀ ਦਾ ਬਿੱਲ ਲੈਣ ਜਾਂ ਹੋਰ ਕੋਈ ਜਾਣਕਾਰੀ ਲੈਣ ਲਈ ਜਾਣਾ ਹੋਵੇ ਤਾਂ ਸੀਟ 'ਤੇ ਕੋਈ ਵੀ ਕਲਰਕ ਬੈਠਿਆ ਨਹੀਂ ਮਿਲਦਾ। ਜਦਕਿ ਪਾਵਰ ਕਾਮ ਦਫ਼ਤਰ ਵਿਖੇ 4 ਅਸਾਮੀਆਂ ਹਨ। ਉਨ੍ਹਾਂ ਦੱਸਿਆ ਸਰਕਾਰੀ ਸਹੂਲਤਾਂ ਤੋਂ ਸੱਖਣੇ ਲੋਕਾਂ ਵਿਚ ਸਰਕਾਰ ਪ੍ਰਤੀ ਬਹੁਤ ਗ਼ੁੱਸਾ ਪਾਇਆ ਜਾ ਰਿਹਾ ਹੈ ਅਤੇ ਲੋਕਾਂ ਦੀ ਮੰਗ ਹੈ ਕਿ ਜਲਦ ਪਾਵਰ ਕਾਮ ਦਫ਼ਤਰ ਮੁੱਦਕੀ ਵਿਖੇ ਖ਼ਾਲੀ ਪਈਆਂ ਅਸਾਮੀਆਂ ਨੂੰ ਭਰਿਆ ਜਾਵੇ ਅਤੇ ਜੇਕਰ ਕੋਈ ਮੁਲਾਜ਼ਮ ਛੁੱਟੀ 'ਤੇ ਹੈ। ਉਸ ਦੀ ਥਾਂ ਕਿਸੇ ਹੋਰ ਦੀ ਡਿਊਟੀ ਲਾਈ ਜਾਵੇ ਤਾਂ ਜੋ ਲੋਕਾਂ ਨੂੰ ਖ਼ੱਜਲ-ਖੁਆਰ ਨਾ ਹੋਣਾ ਪਵੇ।




